**Scholarly Research Journal for Interdisciplinary Studies,**
*Online ISSN 2278-8808, SJIF 2021 = 7.380, www.srjis.com*
*PEER REVIEWED & REFEREED JOURNAL, SEPT-OCT, 2021, VOL- 9/67*

# ਬਲਜੀਤ ਕੌਰ ਬਲੀ ਦੇ ਨਾਵਲ 'ਗੁਆਚੇ ਸੂਰਜ' ਦਾ ਸਭਿਆਚਾਰਕ ਪਰਿਪੇਖ

**ਹਰਪ੍ਰੀਤ ਕੌਰ**

**ਰੋਲ ਨੰ: 1636180002, ਪੀ-ਐਚ.ਡੀ (ਪੰਜਾਬੀ), ਰਿਸਰਚ ਸਕਾਲਰ , ਪੰਜਾਬੀ ਵਿਭਾਗ**

**ਰਿਮਟ ਯੂਨਿਵਰਸਿਟੀ, ਮੰਡੀ ਗੋਬਿੰਦਗੜ**

**Paper Received On: 21 OCT 2021**
**Peer Reviewed On: 31 OCT 2021**
**Published On: 1 NOV 2021**

*Scholarly Research Journal's is licensed Based on a work at www.srjis.com*

ਬਲਜੀਤ ਕੌਰ ਬਲੀ ਪੰਜਾਬੀ ਨਾਵਲ ਜਗਤ ਵਿੱਚ ਔਰਤ ਦੇ ਮਰਦ ਦੋਵਾਂ ਨੂੰ ਸਮਾਜਿਕ, ਆਰਥਿਕ ਤੇ ਪੇਂਡੂ ਸਮਾਜ-ਸਭਿਆਚਾਰ ਵਿੱਚ ਪ੍ਰਸਤੁਤ ਕਰਦੀ ਹੈ। 'ਗੁਆਚੇ ਸੂਰਜ' ਨਾਵਲ ਵਿੱਚ ਲੇਖਿਕਾ ਨੇ ਪਰਿਪਾਰਕ ਰਿਸ਼ਤਿਆਂ ਦੀ ਟੁੱਟ-ਭੱਜ ਨੂੰ ਗਲਪ ਸਿਰਜਣਾ ਦਾ ਅਧਾਰ ਬਣਾਇਆ ਹੈ।

ਲੇਖਿਕਾ ਨੇ ਇਸ ਨਾਵਲ ਰਾਹੀਂ ਖ਼ੂਨੀ ਰਿਸ਼ਤਿਆ ਬਾਰੇ ਗੱਲ ਕੀਤੀ ਹੈ। ਜਿਸ ਨਾਲ ਪੰਜਾਬੀ ਦੇ ਬਹੁਤ ਸਾਰੇ ਨਾਵਲਕਾਰਾਂ ਨੇ ਆਪਣਾ ਸਰੋਕਾਰ ਜੋੜਿਆ ਹੈ, ਪਰ ਬਲਜੀਤ ਕੌਰ ਬਲੀ ਨੇ ਪੇਂਡੂ ਸਮਾਜ-ਸਭਿਆਚਾਰ ਦੇ ਉਸ ਅਣਗੌਲੇ ਸਮੱਸਿਆਕਾਰ ਨੂੰ ਦ੍ਰਿਸ਼ਟੀਗੋਚਰ ਕਰਨ ਦਾ ਉਪਰਾਲਾ ਕੀਤਾ ਹੈ।

ਲੇਖਿਕਾ ਨੇ ਇਸ ਨਾਵਲ ਰਾਹੀਂ ਖ਼ੂਨੀ ਰਿਸ਼ਤਿਆਂ ਬਾਰੇ ਗੱਲ ਕੀਤੀ ਹੈ। ਭੈਣ-ਭਰਾ ਦਾ ਰਿਸ਼ਤਾ ਪੰਜਾਬੀ ਸਭਿਆਚਾਰ ਵਿੱਚ ਵਿਸ਼ੇਸ਼ ਕਦਰਾਂ-ਕੀਮਤਾਂ ਅਤੇ ਪ੍ਰਤਿਮਾਨਾਂ ਦਾ ਪ੍ਰਤੀਕ ਬਣਦਾ ਹੈ। ਡਾ. ਜਸਵਿੰਦਰ ਸਿੰਘ ਅਨੁਸਾਰ, "ਭਰਾ ਅਤੇ ਭੈਣ ਨਿਰੀਆਂ ਸਤਿਕਾਰਿਤ ਪਦਵੀਆਂ ਹੀ ਨਹੀਂ, ਸਗੋਂ ਇਹ ਆਪਣੇ ਨਾਲ ਸੰਪੂਰਣ ਰੂਪ ਵਿੱਚ ਨਿਸ਼ਚਿਤ ਅਤੇ ਬਹੁਤ ਗੰਭੀਰ ਜਿੰਮੇਦਾਰੀਆਂ ਰੱਖਦੇ ਹਨ, "ਨਾਵਲ ਵਿੱਚ ਜਦੋਂ

*Copyright © 2021, Scholarly Research Journal for Interdisciplinary Studies*

ਜੈਬੇ ਦੀ ਭੈਣ ਨਾਨਕੇ ਵਿਆਹ ਤੋਂ ਪਰਤਦੀ ਹੈ ਤਾਂ ਉਸਦੇ ਹੱਥਾਂ ਤੇ ਮਹਿੰਦੀ, ਬਾਹਾਂ ਵਿੱਚ ਲਾਲ ਰੰਗ ਦੀਆਂ ਚੂੜੀਆਂ ਪਾਈਆ ਹੋਣ ਕਾਰਨ ਅਧਿਆਪਕ ਉਸਨੂੰ, 'ਤੇਰਾ ਵਿਆਹ ਹੋ ਗਿਆ' ਆਖਦੀ ਹੈ ਪ੍ਰੰਤੂ ਜੈਬਾ ਇਹ ਸ਼ਬਦ ਨਾ ਸਹਾਰਦਾ ਹੋਇਆ, ਅਧਿਆਪਕ ਨਾਲ ਖਹਿਬੜ ਜਾਂਦਾ ਹੈ। ਜਿਸ ਦਾ ਵੇਰਵਾ ਇਸ ਪ੍ਰਕਾਰ ਹੈ:

> "ਤੇਰਾ ਵਿਆਹ ਹੋ ਗਿਆ ਕੁੜੀਏ। ਜੈਬੇ ਨੇ ਕਿਤੇ ਸੁਣ ਲਿਆ। ਉਹ ਤਾਂ ਉੱਠ ਕੇ ਖੜ੍ਹਾ ਹੋ ਗਿਆ ਕਲਾਸ 'ਚ ਅਖੇ ਤੁਸੀ ਮੇਰੀ ਕੁਆਰੀ ਭੈਣ ਨੂੰ ਕਿਹਾ ਕਿਮੇਂ ਵਿਆਹੀ ਵੀਆ।"[1]

ਉਪਰੋਕਤ ਸਤਰ੍ਹਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਇਹ ਖੂਨੀ ਸਾਂਝ ਦਾ ਰਿਸ਼ਤਾ ਮੋਹ ਦੀਆਂ ਤੰਦਾਂ ਨਾਲ ਜੁੜਿਆ ਹੋਣ ਕਰਕੇ ਪੰਜਾਬੀ ਸਭਿਆਚਾਰ ਵਿੱਚ ਅਹਿਮ ਰੋਲ ਅਦਾ ਕਰਦੀ ਹੈ।

ਇਸੇ ਤਰ੍ਹਾਂ ਹੀ ਬਲਜੀਤ ਕੌਰ ਬਲੀ ਨੇ ਪੰਜਾਬੀ ਸਭਿਆਚਾਰ ਵਿੱਚ ਪ੍ਰਚਲਿਤ ਲੋਕ ਵਿਸ਼ਵਾਸ਼ ਵਹਿਮਾਂ-ਭਰਮਾਂ ਨੂੰ ਵੀ ਸਿਰਜਿਆ ਹੈ। ਮਨੁੱਖੀ ਜਿੰਦਗੀ ਵਿੱਚ ਇਹ ਅਹਿਮ ਸਥਾਨ ਰੱਖਦੇ ਹਨ। ਸਾਡੇ ਪੇਂਡੂ ਸਮਾਜ ਵਿੱਚ ਰਾਤ ਦੇ ਸਮੇਂ ਝੂਠੇ ਭਾਂਡੇ ਨੂੰ ਬਿਨਾਂ ਮਾਂਜਿਆ ਰੱਖਣਾ ਚੰਗਾ ਨਹੀਂ ਮੰਨਿਆ ਜਾਂਦਾ ਕਿਉਂਕਿ ਵੱਡੇ-ਵਡੇਰਿਆ ਦੀ ਧਾਰਨਾ ਪ੍ਰਚਲਿੱਤ ਹੈ ਕਿ ਜੂਠੇ ਭਾਂਡੇ ਸਰਾਪ ਦਿੰਦੇ ਹਨ। ਇਸ ਲੋਕ-ਵਿਸ਼ਵਾਸ਼ ਨੂੰ ਨਾਵਲ ਵਿੱਚ ਚਿਤਰਿਆ ਗਿਆ ਹੈ। ਸ਼ੈਲੀ ਜੂਠੇ ਭਾਂਡੇ ਰੱਖ ਥਾਏਂ ਹੀ ਮੰਜੇ ਤੇ ਪੈ ਜਾਂਦੀ ਹੈ ਪ੍ਰੰਤੂ ਉਸਨੂੰ ਆਪਣੀ ਮਾਂ ਦੀ ਕਹੀ ਗੱਲ ਚੇਤੇ ਆਉਂਦੀ ਹੈ:

> "ਪੂਰਨੀ ਨੇ ਤਾਂ ਕਰਮਜੀਤ ਨੂੰ ਵਿਆਹ ਵੇਲੇ ਹੀ ਇਹ ਸਮਝੌਤੀ ਦੇ ਦਿੱਤੀ ਸੀ; ਦੇਖ ਬਹੂ ਮੇਰੀ ਇੱਕ ਗੱਲ ਸੁਣਲੈ। ਏਸ ਘਰ ਦਾ ਦਸਤੂਰ ਆ ਕਦੇ ਰਾਤ ਦੇ ਜੂਠੇ ਭਾਂਡੇ ਰੱਖ ਕੇ ਨਾ ਸੌਂਈ। ਮੇਰੀ ਸੱਸ ਮੈਨੂੰ ਵੀ ਕਹਿੰਦੀ ਹੁੰਦੀ

[1]

> ਸੀ, 'ਭਾਂਡੇ ਸਰਾਪ ਦਿੰਦੇ ਆਂ। ਮੈਂ ਅੱਜ ਤੱਕ ਆਪਣੀ ਸੱਸ ਦੀ ਕਹੀ ਗੱਲ ਸਿੱਟੀ ਨਹੀਂ। ਅੱਗੋਂ ਤੂੰ ਵੀ ਇਹ ਗੱਲ ਪੱਲੇ ਨਾਲ ਬੰਨ੍ਹ ਲੈ।"[2]

ਇਸੇ ਤਰ੍ਹਾਂ ਵਹਿਮ-ਭਰਮ ਵੀ ਲੋਕ ਵਿਸ਼ਵਾਸ਼ ਦਾ ਹੀ ਇੱਕ ਹਿੱਸਾ ਹਨ। ਵਹਿਮ-ਭਰਮ ਪੰਜਾਬੀ ਸਭਿਆਚਾਰ ਵਿੱਚ ਅਹਿਮ ਰੋਲ ਅਦਾ ਕਰਦੇ ਹਨ। ਵਹਿਮ ਭਰਮ ਮਨੁੱਖ ਦੇ ਮਨ ਅੰਦਰ ਡਰ, ਭੈ ਦੀ ਭਾਵਨਾ ਨੂੰ ਉਜਾਗਰ ਕਰਦੇ ਹਨ। ਮਨੁੱਖ ਇਸ ਦੇ ਸਾਹਮਣੇ ਆਪਣੇ-ਆਪ ਨੂੰ ਲਾਚਾਰ ਮੰਨਦਾ ਹੈ। ਭੂਤਾਂ-ਪ੍ਰੇਤਾਂ ਬਾਰੇ ਵਹਿਮ-ਭਰਮਾਂ ਨੂੰ ਲੇਖਿਕਾ ਨੇ ਬਿਕਰਮ ਨਾਲ ਵਾਪਰੀ ਘਟਨਾ ਰਾਹੀ ਬਿਆਨਿਆ ਹੈ।

> "ਉਹ ਆਪਣੀ ਮਾਂ ਨਾਲ ਕੋਠੇ ਦੀ ਛੱਤ ਉੱਤੇ ਸੁੱਤਾ ਪਿਆ ਸੀ ਤਾਂ ਉਸਨੂੰ ਲੱਗਾ ਸੀ ਜਿਵੇਂ ਭੂਤ ਵਰਗੀ ਕੋਈ ਚੀਜ਼ ਉਸਦੇ ਉਪਰ ਚੜ੍ਹਦੀ ਆ ਰਾਹੀ ਹੋਵੇ। ਫੇਰ ਜਿਵੇਂ ਉਸਦਾ ਗਲਾ ਘੁੱਟਣ ਲੱਗੀ ਹੋਵੇ। ਚੀਕ ਮਾਰਨ ਲੱਗਿਆ ਉਸਦੀ ਚੀਕ ਵੀ ਨਹੀ ਸੀ ਨਿਕਲੀ।"[3]

ਲੇਖਿਕਾ ਨੇ ਸੁਪਨਿਆਂ ਨਾਲ ਸੰਬੰਧਿਤ ਲੋਕ ਵਿਸ਼ਵਾਸ਼ਾਂ ਨੂੰ ਸਿਰਜਿਆ ਹੈ। ਸੁਪਨੇ ਮਨੁੱਖ ਦੇ ਅਰਧ-ਚੇਤਨ ਮਨ ਨਾਲ ਸੰਬੰਧ ਰੱਖਦੇ ਹਨ। ਪੇਂਡੂ ਸਮਾਜ ਵਿੱਚ ਲੋਕ ਸੁਪਨਿਆਂ ਨਾਲ ਸੰਬੰਧਿਤ ਲੋਕ-ਵਿਸ਼ਵਾਸ਼ਾਂ ਰਾਹੀਂ ਆਉਣ ਵਾਲੇ ਭਵਿੱਖ ਦਾ ਅਨੁਮਾਨ ਲਾਉਂਦੇ ਹਨ।

> "ਉਸਦੀ ਦਾਦੀ ਨੇ ਦੱਸਿਆ ਸੀ, 'ਜਦੋਂ ਉਸਦੀ ਬੀਬੀ ਮਰੀ ਸੀ ਤਾਂ ਉਸਤੋਂ ਕੁਝ ਦਿਨ ਪਹਿਲਾਂ ਉਸਨੂੰ ਇੱਕ ਡਰਾਉਣਾ ਸੁਪਨਾ ਆਇਆ ਸੀ। ਸੁਪਨੇ ਵਿੱਚ ਜਿਵੇਂ ਕੋਈ ਜਸਵੰਤ ਨੂੰ ਵਾਲਾਂ ਤੋਂ ਫੜਕੇ ਘੜੀਸੀ ਜਾ ਰਿਹ ਹੋਵੇ।

---

2

3

*Copyright © 2021, Scholarly Research Journal for Interdisciplinary Studies*

> ਉਸਨੇ ਘੜੀ ਦੁਹਾਈ ਪਾਈ, ਪਰ ਉਹ ਉਸ ਬੇਸਿਰ-ਪੈਰ ਜਿਹੇ ਆਦਮੀ ਨੂੰ ਰੋਕ ਨਾ ਸਕੀ।[4]

ਬਲਜੀਤ ਕੌਰ ਬਲੀ ਨੇ ਪੰਜਾਬੀ ਸਭਿਆਚਾਰ ਵਿੱਚ ਸਮੇਂ ਨਾ ਬਦਲ ਰਹੀ ਗੁਰੂ ਚੇਲੇ ਦੀ ਪਰੰਪਰਾ ਨੂੰ ਬਿਆਨਿਆ ਹੈ ਇਕ ਵਾਰ ਸਕੂਲ ਦੀ ਕੰਧ ਉਪਰ ਆਈ.ਲਵ.ਯੂ. ਸ਼ੈਲੀ ਲਿਖਿਆ ਹੋਇਆ ਸੀ। ਅਧਿਆਪਿਕਾ ਗੁਰਬੰਸ ਕੌਰ ਨੇ ਪੁੱਛ-ਪੜਤਾਲ ਕਰਨ ਉਪਰੰਤ ਬਿਕਰਮ ਨੂੰ ਦੋਸ਼ੀ ਪਾਇਆ, ਪਰ ਬਿਕਰਮ ਨੇ ਆਈ.ਲਵ.ਯੂ ਲਿਖਣ ਦਾ ਗੁਨਾਹ ਕੀਤਾ ਸੀ ਪਰ ਸ਼ੈਲੀ ਨਾਂ ਨਹੀਂ ਸੀ ਲਿਖਿਆ:

> "ਮੈਂ ਸੱਚ ਬੋਲਦੇ ਮੈਂ ਨੀ ਜੀ ਲਿਖਿਆ ਕਿਸੇ ਕੁੜੀਦਾ ਨਾਂ ਬਿਕਰਮ ਦੀ ਗੱਲ ਵਿੱਚ ਬੇਵਸੀ ਸੀ।
>
> "ਅਜੇ ਵੀ ਝੂਠ ਬੋਲਦੈਂ, ਕਹਿੰਦਿਆਂ ਗੁਰਬੰਸ ਕਾਹਲੀ ਨਾਲ ਉਠੀ 'ਤੇ ਬਿਕਰਮ ਤਿੰਨ-ਚਾਰ ਚਪੇੜਾ ਮਾਰ ਦਿੱਤੀਆ।"[5]

ਬਿਕਰਮ ਆਪਣੇ ਗੁਰੂ ਵੱਲ ਬੇਵਸੀ ਦੀਆਂ ਨਜਰਾਂ ਨਾਲ ਤੱਕਦਾ ਰਿਹਾ, ਪਰ ਗੁਰੂ ਆਪਣੇ ਚੇਲੇ ਦੇ ਜਜ਼ਬਾਤਾਂ ਨੂੰ ਸਮਝਣ ਤੋਂ ਅਸਮਰੱਥ ਜਾਪਦਾ ਸੀ। ਆਧੁਨਿਕ ਯੁੱਗ ਵਿੱਚ ਗੁਰੂ ਚੇਲੇ ਦੇ ਸਬੰਧਾਂ ਨੂੰ ਵੀ ਠੇਸ ਲੱਗੀ ਹੈ। ਸਮੁੱਚੀਆਂ ਆਧੁਨਿਕ ਵਿਦਿਅਦਕ ਸੰਸਥਾਵਾਂ ਵਿੱਚ ਸਭਿਆਚਾਰਕ ਕਦਰਾਂ-ਕੀਮਤਾਂ ਦੀ ਲੁੱਟ-ਖਸੁੱਟ ਦਿਨੋ-ਦਿਨ ਵਧਦੀ ਜਾ ਰਹੀ ਹੈ।

ਬਲਜੀਤ ਕੌਰ ਬਲੀ ਨੇ 'ਗੁਆਚੇ ਸੂਰਜ' ਨਾਵਲ ਰਾਹੀ ਬਿਕਰਮ ਅਤੇ ਸ਼ੈਲੀ ਦੇ ਪਿਆਰ ਵਾਲੇ ਜ਼ਜਬਾਤੀ ਦੇ ਪ੍ਰਸੰਗਾਂ ਨੂੰ ਚਿਤਰਿਆ ਹੈ। ਬਿਕਰਮ ਇਸ ਨਾਵਲ ਦਾ ਮੁੱਖ ਪਾਤਰ ਹੈ। ਬਿਕਰਮ ਅਤੇ ਸ਼ੈਲੀ ਦੇ

---

4

5

*Copyright © 2021, Scholarly Research Journal for Interdisciplinary Studies*

ਪਿਆਰ ਵਾਲੇ ਸੰਬੰਧਾਂ ਨੂੰ ਪੇਂਡੂ ਸਭਿਆਚਾਰਕ ਯਥਾਰਥ ਦੇ ਪ੍ਰਸੰਗ ਰਾਹੀ ਪੇਸ਼ ਕੀਤਾ ਗਿਆ ਹੈ। ਬਿਕਰਮ ਆਪਣੇ ਪਿਆਰ ਦਾ ਪ੍ਰਗਟਾਵਾਂ ਕਰਨ ਲਈ ਸ਼ੈਲੀ ਨੂੰ ਤੋਹਫੇ ਵਜੋਂ ਕਾਲੀ ਪਰਾਂਦੀ ਦਿੰਦਾ ਹੈ।

> "ਲਾਲ ਪਰਾਂਦੀ ਲੈਣ ਲੱਗਿਆ ਉਸਨੂੰ ਚੰਗਾ ਕਿਉਂ ਨਹੀਂ ਸੀ ਲੱਗਿਆ? ਉਸ ਨੇ ਉਸਨੂੰ ਝੱਟ ਹੀ ਪਰ੍ਹਾਂ ਕਿਉਂ ਰੱਖ ਦਿੱਤਾ ਸੀ? ਫੇਰ ਉਸਨੇ ਪਰ੍ਹਾਂ ਟੰਗੀ ਕਾਲੀ ਪਰਾਂਦੀ ਵੱਲ ਕਿਉਂ ਵੇਖਿਆ ਸੀ? ਉਸਦੇ ਵੱਡੇ-ਵੱਡੇ ਪੱਖੇ ਤੇ ਤਿੱਲੇ ਦੀਆਂ ਗੋਠਾਂ ਵੇਖਕੇ ਉਸਨੂੰ ਕੁਝ ਚੰਗਾ-ਚੰਗਾ ਲੱਗਿਆ ਸੀ। ਉਸਨੇ ਝੱਟ ਹੀ ਉਹ ਕਾਲੀ ਪਰਾਂਦੀ ਲੈ ਲਈ ਸੀ।"[6]

ਸਮਾਜ ਵਿੱਚ ਚਿੱਠੀਆਂ ਦਾ ਮਹੱਤਵਪੂਰਨ ਸਥਾਨ ਰਿਹਾ ਹੈ। ਚਿੱਠੀਆਂ ਰਾਹੀ ਲੋਕ ਆਪਣੇ ਭਾਵਨਾਵਾਂ ਜ਼ਜ਼ਬਾਤਾਂ ਨੂੰ ਦੂਰ-ਦੁਰਾਡੇ ਬੈਠੇ ਇੱਕ-ਦੂਜੇ ਨਾਲ ਸਾਂਝੇ ਕਰਦੇ ਹਨ। ਸ਼ੈਲੀ ਬਿਕਰਮ ਨੂੰ ਚਿੱਠੀ ਰਾਹੀ ਆਪਣੇ ਮਨ ਦੀਆਂ ਭਾਵਨਾਵਾਂ ਨੂੰ ਜ਼ਾਹਿਰ ਕਰਦੀ ਹੈ:

> "ਉਸ ਨੇ ਚਿੱਠੀ ਨੂੰ ਕਈ ਵਾਰ ਪੜ੍ਹਿਆ। ਹਰ ਵਾਰੀ ਪੜ੍ਹਨ ਪਿੱਛੋਂ ਉਸਨੂੰ ਲੱਗਦਾ ਜਿਵੇਂ ਚਿੱਠੀ ਵਿਚੋਂ ਕੁਝ ਸਮਝਵਾ ਬਾਕੀ ਰਹਿ ਗਿਆ ਸੀ। ਉਸ ਤੋਂ ਕਈ ਗੱਲਾਂ ਪੜ੍ਹੀਆਂ ਨਹੀਂ ਸਨ ਗਈਆਂ। ਕਈ ਗੱਲਾਂ ਉਸਨੂੰ ਅਧੂਰੀਆਂ ਜਿਹੀਆਂ ਲੱਗ ਰਹੀਆਂ ਸਨ। ਕਈਆਂ ਦੇ ਅਰਥ ਉਹ ਆਪਣੇ ਕੋਲੋ ਭਰਨ ਦੀ ਕੋਸ਼ਿਸ਼ ਕਰ ਰਿਹਾ ਸੀ।"

6

*Copyright © 2021, Scholarly Research Journal for Interdisciplinary Studies*

> "ਉਸਨੇ ਚਿੱਠੀ ਨੂੰ ਮੁੜ-ਮੁੜ ਸੁੰਘਿਆ। ਉਸਨੂੰ ਲੱਗਾ ਜਿਵੇਂ ਇਹ ਖੁਸ਼ਬੂ ਸ਼ੈਲੀ ਨੇ ਆਪਣੀ ਚਿੱਠੀ ਵਿੱਚ ਬੰਦ ਕਰਕੇ ਭੇਜੀ ਸੀ। ਜਿਸ ਨਾਲ ਸਾਰਾ ਆਲਾ-ਦੁਆਲਾ ਮਹਿਕ ਉਠਿਆ ਸੀ। ਚਿੱਠੀ ਲਿਖਣ ਵੇਲੇ ਉਸਦੇ ਹੱਥਾਂ ਨੂੰ ਕੋਈ ਖੁਸ਼ਬੂ ਵਾਲੇ ਤੇਲ ਜਾਂ ਸਾਬਣ ਲੱਗੀ ਹੋਵੇਗੀ। ਜਾਂ ਫੇਰ ਉਸਨੇ ਚਿੱਠੀ ਲਿਖ ਕੇ ਪਹਿਲਾਂ ਸੈਂਟ ਵਾਲੇ ਕੱਪੜਿਆਂ 'ਚ ਸਾਂਭੀ ਹੋਵੇਗੀ ਜਾਂ ਉਸ ਉੱਤੇ ਸੈਂਟ ਛਿੜਕਿਆਂ ਹੋਵੇਗਾ।"[7]

ਲੇਖਿਕਾ ਪੁਰਾਤਨ ਸਮਿਆਂ ਦੀ ਗੱਲ ਕਰਦੀ ਹੈ ਜਦੋ ਪੇਂਡੂ ਸਮਾਜ ਵਿੱਚ ਝੋਨੇ ਨੂੰ ਰੋਜ਼ਮਤਾ ਦੀ ਜ਼ਿੰਦਗੀ ਦਾ ਟੁੱਟਾ ਹਿੱਸਾ ਮੰਨਿਆ ਜਾਂਦਾ ਸੀ, ਪ੍ਰੰਤੂ ਅੱਜ ਜ਼ਮਾਨਾ ਬਿਲਕੁਲ ਬਦਲ ਚੁੱਕਾ ਹੈ। ਪੁਰਾਣੇ ਸਮਿਆਂ ਵਿੱਚ ਆਪਣੇ ਹੱਥੀ ਕੱਤਣਾ, ਬੁਨਣਾ ਆਦਿ ਨੂੰ ਤਰਜੀਹ ਦਿੱਤੀ ਜਾਂਦੀ ਸੀ। ਆਮ ਤੌਰ ਤੇ ਝੋਲਾ ਦਸੂਤੀ ਕੱਪੜੇ ਤੋਂ ਤਿਆਰ ਕੀਤਾ ਜਾਂਦਾ ਸੀ। ਇਸ ਉੱਪਰ ਰੰਗ ਬਰੰਗੇ ਧਾਗਿਆ ਨਾਲ ਸਭਿਆਚਾਰ ਦੇ ਪ੍ਰਤੀਕ ਚਿੰਨਾਂ ਨੂੰ ਉਤਾਰਿਆ ਜਾਂਦਾ ਸੀ। ਨਾਵਲ ਵਿੱਚ ਬਿਕਰਮ ਨੂੰ ਭੂਆ ਕਰਤਾਰੀ ਵੱਲੋਂ ਤੋਹਫ਼ੇ ਦੇ ਰੂਪ ਵਿੱਚ ਦਿੱਤਾ ਝੋਲਾ ਅਕਸਰ ਯਾਦ ਆਉਂਦਾ ਹੈ:

> "ਉਹ ਝੋਲੇ ਦੇ ਦੋਵੇਂ ਪਾਸੇ ਰੰਗ-ਬਰੰਗੇ ਫੁੱਲਾਂ ਦੀ ਵੇਲੇ ਕੱਢੀ ਹੋਈ ਸੀ। ਵਿਚਕਾਰ ਕਰਕੇ ਦੋਹੀਂ ਪਾਸੀ ਦਰੱਖਤ ਜਿਹੇ ਕੱਢੇ ਹੋਏ ਸਨ। ਦਰੱਖਤ ਦੀ ਸਭ ਤੋਂ ਉੱਚੀ ਟਾਹਣੀ ਤੇ ਇੱਕ ਚਿੜੀ ਬੈਠੀ ਹੋਈ। ਜਿਸ ਦੀ ਚੁੰਝ ਵਿੱਚ ਲਾਲ-ਲਾਲ ਜਿਹਾ ਕੁਝ

7

ਫੜਿਆ ਹੋਇਆ ਸੀ ਤੇ ਦਰੱਖਤ ਦੀ ਖੋੜ ਵਿੱਚ ਇੱਕ ਬੋਟ ਦਾ ਮੂੰਹ ਦਿਖਾਈ ਦਿੰਦਾ ਸੀ। ਜਿਸਨੇ ਆਪਣੀ ਚੁੰਜ ਅੱਡੀ ਹੋਈ ਸੀ।[8]

ਸਾਡੇ ਸਮਾਜ ਵਿੱਚ ਧੀ ਜੰਮਣ ਨਾਲ ਉਸਦੇ ਪਰਿਵਾਰਕ ਮੈਂਬਰਾਂ ਨੂੰ ਦਾਜ ਤਿਆਰ ਕਰਨ ਚਿੰਤਾ ਲੱਗ ਜਾਂਦੀ ਹੈ। ਪਿੰਡਾਂ ਵਿੱਚ ਕੁੜੀਆਂ ਦਾਜ ਆਪਣੇ ਹੱਥੀਂ ਤਿਆਰ ਕਰਦੀਆਂ ਸਨ। ਸਿੱਖਿਆਂ ਦੇ ਸਾਧਨਾਂ ਦੀ ਘਾਟ ਕਾਰਣ ਕੁੜੀਆਂ ਪੜ੍ਹਾਈ ਤੋਂ ਵਾਂਝੀਆਂ ਰਹਿ ਜਾਂਦੀਆਂ ਸਨ। ਕੁੜੀਆਂ ਘਰ ਦੇ ਕੰਮਾਂ ਦੇ ਨਾਲ-ਨਾਲ ਕਢਾਈ, ਕਤਾਈ ਕੰਮ ਵੀ ਸਿੱਖਦੀਆਂ ਅਤੇ ਜਿਸ ਤੋਂ ਉਸਦੇ ਸਚਿਆਰੀ ਹੋਣ ਦਾ ਅੰਦਾਜ਼ਾ ਵੀ ਲਗਾਇਆ ਜਾਂਦਾ ਸੀ।

ਸਮਾਜ ਵਿੱਚ ਸੁੱਖਾਂ ਸੁੱਖਣੀਆਂ ਦੀ ਰੀਤ ਮੁੱਢ ਤੋਂ ਪ੍ਰੱਚਲਿਤ ਹੈ। ਮਨੁੱਖ ਆਪਣੀਆਂ ਇੱਛਾਵਾਂ ਦੀ ਪੂਰਤੀ ਲਈ ਕਿਸੇ ਧਾਰਮਿਕ ਸਥਾਨ ’ਤੇ ਜਾ ਕੇ ਜਾਂ ਆਪਣੇ ਕਿਸ ਪੀਰ-ਫ਼ਕੀਰ, ਦੇਵੀ-ਦੇਵਤੇ ਨੂੰ ਧਿਆ ਕੇ ਸੁੱਖ ਪੂਰੀ ਹੋਣ ਦੀ ਕਾਮਨਾ ਕਰਦੇ ਹਨ ਅਤੇ ਸੁੱਖ ਪੂਰੀ ਹੋਣ ਤੇ ਪੀਰ-ਫ਼ਕੀਰ ਦੇਵੀ-ਦੇਵਤੇ ਲਈ ਕੁਝ ਭੇਂਟ ਕਰਨ ਦਾ ਵਾਅਦਾ ਵੀ ਕਰਦੇ ਹਨ।

ਨਾਵਲ ਵਿੱਚ ਭੂਆ ਕਰਤਾਰੀ ਬਿਕਰਮ ਦੇ ਠੀਕ ਹੋਣ ਦੀ ਕਾਮਨਾ ਕਰਦੀ ਹੋਈ ਸੁੱਖ ਸੁੱਖਦੀ ਨਜ਼ਰ ਆਉਂਦੀ ਹੈ:

“ਸ਼ਕਰ ਆ। ਮੈਂ ਤਾਂ ਸਣਾ ਪੰਜਾ ਦੀ ਦੇਗ ਕਰਾਕੇ ਆਊਂਗੀ। ਸੁੱਖੀ ਸੀ ਇਕ ਦਿਨ ਦੇਗ ਬਹਾਦਰ ਦੀ।”[9]

ਬਲਜੀਤ ਕੌਰ ਬਲੀ ਨੇ ਨਾਵਲ ਵਿੱਚ ਲੋਕ-ਗੀਤਾਂ ਦਾ ਚਿਤਰਣ ਵੀ ਚਿਤਰਿਆ ਹੈ। ਲੋਕ-ਗੀਤ ਪੰਜਾਬੀ ਸਭਿਆਚਾਰ ਦਾ ਅਟੁੱਟ ਅੰਗ ਹਨ। ਇਹਨਾਂ ਗੀਤਾਂ ਰਾਹੀਂ ਲੋਕ ਆਪਣੇ ਮਨ ਦੇ ਭਾਵਾਂ ਨੂੰ ਪ੍ਰਗਟ ਕਰਦੇ ਹਨ:

---

8

9

*Copyright © 2021, Scholarly Research Journal for Interdisciplinary Studies*

"ਚਰਖਾ ਕੱਤਦੀ ਹਾਂ ਪੂਣੀ ਵਟਦੀ ਹਾਂ, ਪੱਛੀ ਵੱਖ ਖਿਆਲ ਗਿਆ। ਕੱਤਦੀ ਕੱਤਦੀ ਦੇ ਹੰਝੂ ਡਿੱਗ ਪਏ, ਤੇਰੇ ਵੱਲ ਖਿਆਲ ਗਿਆ।"[10]

ਬਲਜੀਤ ਕੌਰ ਬਲੀ ਦਾ ਨਾਵਲ 'ਗੁਆਚੇ ਸੂਰਜ ਪੰਜਾਬੀ ਸਭਿਆਚਾਰ ਦੇ ਵੱਖ-ਵੱਖ ਅਹਿਮ ਪਹਿਲੂਆਂ ਦੀ ਪੇਸ਼ਕਾਰੀ ਕਰਦਾ ਹੈ।

## ਹਵਾਲੇ ਟਿੱਪਣੀਆਂ

ਬਲਜੀਤ ਕੌਰ ਬਲੀ, ਗੁਆਚੇ ਸੂਰਜ, ਮਦਾਨ ਪਬਲਿਸ਼ਰਜ, ਚੌਂਕ ਪੁਰਾਣੀ ਕੋਤਵਾਲੀ, ਪਟਿਆਲਾ, *1994*, ਪੰਨਾ-*25.*

ਉਹੀ, ਪੰਨਾ-*17*

ਉਹੀ, ਪੰਨਾ-*17*

ਉਹੀ, ਪੰਨਾ-*105.*

ਉਹੀ, ਪੰਨਾ-*216*

ਉਹੀ, ਪੰਨਾ-*102.*

ਉਹੀ, ਪੰਨਾ-*106.*

ਉਹੀ, ਪੰਨਾ-*259.*

ਉਹੀ, ਪੰਨਾ-*9*

ਉਹੀ, ਪੰਨਾ-*106.*

10

*Copyright © 2021, Scholarly Research Journal for Interdisciplinary Studies*